# ਖਾਲੀ ਘਰਾਂ ‘ਤੇ ਟੈਕਸ ਨੂੰ ਸਮਝਣਾ

## ਮਹੱਤਵਪੂਰਨ ਜਾਣਕਾਰੀ

**2025 ਟੈਕਸ ਲਈ ਐਲਾਨ ਕਰਨ ਦੀ ਆਖਰੀ ਮਿਤੀ 3 ਫਰਵਰੀ 2026 ਹੈ।**
ਨਿਯਤ ਮਿਤੀ ਤੱਕ ਐਲਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ **$250 ਦਾ ਬਾਇਲਾਅ ਨੋਟਿਸ ਦਿੱਤਾ ਜਾਵੇਗਾ ਅਤੇ ਤੁਹਾਡੀ ਪ੍ਰਾਪਰਟੀ ਨੂੰ ਖਾਲੀ ਅਤੇ ਖਾਲੀ ਘਰਾਂ ‘ਤੇ ਟੈਕਸ (Empty Homes Tax) ਦੇ ਅਧੀਨ ਮੰਨਿਆ ਜਾਵੇਗਾ।**

## ਆਪਣੇ ਅਡਵਾਂਸ ਟੈਕਸ ਨੋਟਿਸ (Advance Tax Notice) ਦਾ ਭੁਗਤਾਨ ਕਰਨਾ

ਧਿਆਨ ਦਿਓ: ਅਡਵਾਂਸ ਟੈਕਸ ਨੋਟਿਸ ਤੁਹਾਡੇ ਨਿਯਮਿਤ ਪਰ੍ਾਪਰਟੀ ਟੈਕਸ ਦਾ ਹਿੱਸਾ ਹੈ ਅਤੇ ਖਾਲੀ ਘਰਾਂ ‘ਤੇ ਟੈਕਸ ਤੋਂ ਵੱਖਰਾ ਹੈ।

- ਆਪਣੇ ਟੈਕਸ ਨੋਟਿਸ ‘ਤੇ 12-ਅੰਕ ਦੇ ਖਾਤਾ ਨੰਬਰ ਦੀ ਵਰਤੋਂ ਕਰਕੇ ਜਾਂ ਤਾਂ ਔਨਲਾਈਨ ਜਾਂ ਫ਼ੋਨ ਰਾਹੀ ਆਪਣੀ ਵਿੱਤੀ ਸੰਸਥਾ ਰਾਹੀ ਭੁਗਤਾਨ ਕਰੋ। ਹੋਰ ਵੇਰਵਿਆਂ ਲਈ ਇਸ ਵੈੱਬਸਾਈਟ ‘ਤੇ ਜਾਓ: **vancouver.ca/bank-payment**
- ਪਹਿਲਾਂ ਤੋ ਯੋਜਨਾ ਬਣਾਓ ਕਿਉਂਕਿ ਡਾਕ ਸੇਵਾ ਅਤੇ ਵਿੱਤੀ ਸੰਸਥਾ ਦੀ ਪਰ੍ਰੋਸੈਸਿੰਗ ਦਾ ਇਸ ਗੱਲ ‘ਤੇ ਅਸਰ ਪੈ ਸਕਦਾ ਹੈ ਕਿ ਸਿਟੀ ਕੋਲ ਫੰਡ ਕਦੋਂ ਪਹੁੰਚਦੇ ਹਨ ‘ਤੇ ਅਤੇ ਦੇਰੀ ਦੇ ਨਤੀਜੇ ਵਜੋਂ ਜੁਰਮਾਨਾ ਲੱਗ ਸਕਦਾ ਹੈ।

## 2025 ਹਵਾਲਾ ਮਿਆਦ ਲਈ ਆਪਣੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਕਿਵੇਂ ਕਰਨਾ ਹੈ

1. **vancouver.ca/eht-declare** ‘ਤੇ ਜਾਓ (ਸਿਰਫ਼ ਅੰਗਰੇਜ਼ੀ)।
2. “**Submit declaration**” (ਐਲਾਨ ਜਮ੍ਹਾਂ ਕਰੋ) ‘ਤੇ ਕਲਿੱਕ ਕਰੋ।
3. ਆਪਣਾ ਫੋਲੀਓ ਨੰਬਰ (Folio number) ਅਤੇ ਐਕਸੈਸ ਕੋਡ (Access code) ਦਾਖਲ ਕਰੋ (ਤੁਹਾਨੂੰ ਇਹ ਤੁਹਾਡੇ ਟੈਕਸ ਨੋਟਿਸ ਦੇ ਅਗਲੇ ਪਾਸੇ ਮਿਲ ਸਕਦਾ ਹੈ)।
4. ਆਪਣੇ ਸੰਪਰਕ ਵੇਰਵੇ ਪਾਓ ਅਤੇ ਆਪਣੀ ਪ੍ਰਾਪਰਟੀ ਦੀ ਸਥਿਤੀ ਚੁਣੋ। ਤੁਹਾਨੂੰ ਵਧੀਕ ਜਾਣਕਾਰੀ ਮੁਹੱਈਆ ਕਰਨ ਦੀ ਲੋੜ ਹੋ ਸਕਦੀ ਹੈ (ਵੇਰਵਿਆਂ ਲਈ ਹੇਠਾਂ ਸਾਰਣੀ ਦੇਖੋ)।
5. ਆਪਣੇ ਐਲਾਨ ਦੀ ਸਮੀਖਿਆ ਕਰੋ।
6. ਆਪਣਾ ਐਲਾਨ ਜਮ੍ਹਾਂ ਕਰਨ ਲਈ “**Declare**” (ਐਲਾਨ ਕਰੋ) ‘ਤੇ ਕਲਿੱਕ ਕਰੋ।
7. ਤੁਸੀਂ ਬੇਨਤੀ ਕਰ ਸਕਦੇ ਹੋ ਕਿ ਤੁਹਾਡੇ ਐਲਾਨ ਦੀ ਪੁਸ਼ਟੀ ਈਮੇਲ ਦੁਆਰਾ ਕੀਤੀ ਜਾਵੇ। ਤੁਸੀਂ ਕਿਸੇ ਹੋਰ ਨੂੰ ਆਪਣੀ ਤਰਫ਼ੋਂ ਐਲਾਨ ਜਮ੍ਹਾਂ ਕਰਨ ਦੀ ਇਜਾਜ਼ਤ ਵੀ ਦੇ ਸਕਦੇ ਹੋ।

## ਤੁਹਾਡਾ ਐਲਾਨ ਜਮ੍ਹਾਂ ਕਰਨ ਲਈ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ

ਕਿਰਪਾ ਕਰਕੇ ਹੇਠਾਂ ਦਿੱਤੀ ਸਾਰਣੀ ਦੀ ਸਮੀਖਿਆ ਕਰੋ ਅਤੇ ਯਕੀਨੀ ਬਣਾਓ ਕਿ ਆਪਣੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਕਰਦੇ ਸਮੇਂ ਤੁਹਾਡੇ ਕੋਲ ਸਾਰੀ ਲੋੜੀਂਦੀ ਜਾਣਕਾਰੀ ਹੈ।

| ਜਾਇਦਾਦ ਦੀ ਸਥਿਤੀ | ਐਲਾਨ ਕਰਦੇ ਸਮੇਂ ਲੋੜੀਂਦੀ ਜਾਣਕਾਰੀ |
|---|---|
| ਪਰ੍ਾਪਰਟੀ ਨੂੰ ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ, ਕਿਸੇ ਪਰਿਵਾਰ ਦੇ ਮੈਂਬਰ, ਦੋਸਤ ਜਾਂ ਇਜਾਜ਼ਤ ਦਿੱਤੇ ਗਏ ਕਾਬਜ਼ਦਾਰ ਦੁਆਰਾ ਮੁੱਖ ਰਿਹਾਇਸ਼ ਦੇ ਵਜੋਂ ਵਰਤਿਆ ਗਿਆ ਸੀ। | • ਹਰੇਕ ਕਿਰਾਏਦਾਰੀ ਇਕਰਾਰਨਾਮੇ ਵਿੱਚ ਦਿੱਤੇ ਕਿਰਾਏਦਾਰ(ਕਿਰਾਏਦਾਰਾਂ) ਦਾ ਪੂਰਾ ਨਾਮ |
| ਪਰ੍ਾਪਰਟੀ ਨੂੰ ਲਗਾਤਾਰ 30 ਜਾਂ ਵੱਧ ਦਿਨਾਂ ਦੀਆਂ ਮਿਆਦਾਂ ਵਿੱਚ, ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਕਿਰਾਏ 'ਤੇ ਦਿੱਤਾ ਗਿਆ ਸੀ। | • ਉਸ ਪਰਿਵਾਰ ਦੇ ਮੈਂਬਰ ਜਾਂ ਦੋਸਤ ਦਾ ਪੂਰਾ ਨਾਮ ਅਤੇ ਫੋਨ ਨੰਬਰ ਜੋ ਪ੍ਰਾਪਰਟੀ ਵਿੱਚ ਰਹਿੰਦਾ ਸੀ |
| ਤੁਹਾਡੀ ਮੁੱਖ ਰਿਹਾਇਸ਼ ਗਰ੍ਰੇਟਰ ਵੈਨਕੂਵਰ ਦੇ ਬਾਹਰ ਸੀ ਪਰ ਤੁਸੀ ਘੱਟੋ-ਘੱਟ ਛੇ ਮਹੀਨਿਆਂ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਆਪਣੀ ਪਰ੍ਾਪਰਟੀ ਵਿੱਚ ਰਹੇ ਸੀ ਕਿਉਂਕਿ ਤੁਸੀ ਗਰ੍ਰੇਟਰ ਵੈਨਕੂਵਰ ਵਿੱਚ ਫੁੱਲ ਟਾਈਮ ਦੀ ਨੌਕਰੀ ਕਰ ਰਹੇ ਸੀ। ਰੁਜ਼ਗਾਰ ਦੀ ਪਰ੍ਕਿਰਤੀ ਕਰਕੇ ਗਰ੍ਰੇਟਰ ਵੈਨਕੂਵਰ ਵਿੱਚ ਮੌਜੂਦ ਹੋਣ ਦੀ ਲੋੜ ਸੀ। | • ਤੁਹਾਡੇ ਰੁਜ਼ਗਾਰਦਾਤਾ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪਰ੍ਾਪਰਟੀ ਦਾ ਜਾਂ ਤਾਂ:<br>• ਪੁਨਰ-ਵਿਕਾਸ ਹੋ ਰਿਹਾ ਹੈ ਜਾਂ ਮੁੱਖ ਸੁਧਾਰ ਹੋ ਰਹੇ ਹਨ ਜਿੱਥੇ ਪਰਮਿਟ ਹਵਾਲਾ ਮਿਆਦ ਦੇ ਦੌਰਾਨ ਜਾਰੀ ਕਰ ਦਿੱਤੇ ਗਏ ਹਨ, ਜਾਂ<br>• ਜ਼ਮੀਨਾਂ ਖਾਲੀ ਹਨ, ਵਿਰਾਸਤੀ ਸੰਪਤੀ ਹਨ ਜਾਂ ਪੜਾਅ ਵਾਰ ਵਿਕਾਸ ਦਾ ਹਿੱਸਾ ਹਨ ਜਿਨਹ੍ਾਂ ਲਈ ਦਰਖਾਸਤਾਂ ਹਵਾਲਾ ਮਿਆਦ ਦੇ ਦੌਰਾਨ ਜਮ੍ਹਾਂ ਕੀਤੀਆਂ ਗਈਆਂ ਹਨ। | • ਬਿਲਡਿੰਗ ਜਾਂ ਵਿਕਾਸ ਦਾ ਪਰਮਿਟ/ਐਪਲੀਕੇਸ਼ਨ ਨੰਬਰ **ਅਤੇ**<br>• ਉਸਾਰੀ ਪ੍ਰੋਜੈਕਟ ਦਾ ਸੰਖੇਪ ਵਿਵਰਣ |
| ਛੇ ਮਹੀਨਿਆਂ ਤੋਂ ਵੱਧ ਸਮੇਂ ਲਈ ਪਰ੍ਾਪਰਟੀ ਵਿੱਚ ਕੋਈ ਨਹੀ ਰਹਿੰਦਾ ਸੀ ਕਿਉਂਕਿ ਸਾਰੇ ਕਾਬਜ਼ ਕਿਸੇ ਹਸਪਤਾਲ, ਲੰਮੀ-ਮਿਆਦ ਦੀ ਜਾਂ ਸਹਾਇਕ ਦੇਖਭਾਲ ਸਹੂਲਤ ਵਿੱਚ ਰਹਿ ਰਹੇ ਸਨ ਅਤੇ ਇਸ ਤੋਂ ਪਹਿਲਾਂ ਪਰ੍ਾਪਰਟੀ ਨੂੰ ਮੁੱਖ ਰਿਹਾਇਸ਼ ਦੇ ਵਜੋਂ ਵਰਤ ਰਹੇ ਸਨ ਜਾਂ ਇੱਕ ਕਿਰਾਏਦਾਰ ਵਜੋਂ ਰਿਹਾਇਸ਼ੀ ਉਦੇਸ਼ਾਂ ਲਈ ਇਸ ਵਿੱਚ ਰਹਿ ਰਹੇ ਸਨ। | • ਦੇਖਭਾਲ ਪਰ੍ਾਪਤ ਕਰ ਰਹੇ ਵਿਅਕਤੀ ਦਾ ਨਾਮ **ਅਤੇ**<br>• ਡਾਕਟਰੀ ਸਹੂਲਤ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪਰ੍ਾਪਰਟੀ ਕਿਸੇ ਅਦਾਲਤੀ ਹੁਕਮ, ਅਦਾਲਤੀ ਕਾਰਵਾਈਆਂ, ਜਾਂ ਇਸ ਅੰਦਰ ਰਹਿਣ ਤੋਂ ਮਨਹ੍ਾਂ ਕਰਨ ਵਾਲੇ ਕਿਸੇ ਸਰਕਾਰੀ ਆਦੇਸ਼ ਦੇ ਅਧੀਨ ਸੀ ਅਤੇ ਇਸ ਵਿੱਚ ਰਹਿਣ ਦੀ ਇਜਾਜ਼ਤ ਦੇਣ ਵਾਲੀਆਂ ਕਾਰਵਾਈਆਂ ਆਦੇਸ਼ ਵਿੱਚ ਦਿੱਤੀਆਂ ਕਿਸੇ ਵੀ ਸਮਾਂ ਸੀਮਾਵਾਂ ਦੇ ਅਨੁਸਾਰ ਲਗਨ ਨਾਲ ਅਤੇ ਬਿਨਾਂ ਕਿਸੇ ਦੇਰੀ ਦੇ ਕੀਤੀਆਂ ਗਈਆਂ ਸਨ। | • ਅਦਾਲਤ ਦੀ ਫਾਈਲ/ਆਦੇਸ਼ ਦਾ ਨੰਬਰ |

重要提示：這包含有關房屋空置稅 (Empty Home Tax) 的資訊。如需翻譯或了解更多資料，請瀏覽： **vancouver.ca/eht**

重要提示：这包含有关房屋空置税 (Empty Home Tax) 的信息。如需翻译或了解更多信息，请访问： **vancouver.ca/eht**

ਮਹੱਤਵਪੂਰਣ: ਇਸ ਨੋਟਿਸ ਵਿੱਚ ਖਾਲੀ ਘਰਾਂ ‘ਤੇ ਟੈਕਸ [Empty Home Tax] ਬਾਰੇ ਜਾਣਕਾਰੀ ਸ਼ਾਮਲ ਹੈ। ਅਨੁਵਾਦਾਂ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵੇਖੋ: **vancouver.ca/eht**

QUAN TRỌNG: Thông báo này có thông tin về Thuế Nhà Bỏ Trống [Empty Home Tax]. Để có bản dịch hoặc biết thêm thông tin, xin vui lòng truy cập: **vancouver.ca/eht**

IMPORTANTE: Ito ay naglalaman ng impormasyon sa Buwis sa Bahay na Walang Nakatira [Empty Homes Tax]. Para sa mga salin sa Tagalog o para sa karagdagang impormasyon, bisitahin ang: **vancouver.ca/eht**

IMPORTANTE: Este documento contiene información sobre el impuesto sobre viviendas desocupadas. Para obtener traducciones o más información, visite: **vancouver.ca/eht**

# ਜੇ ਤੁਸੀ ਪਿਛਲੇ ਸਾਲ ਲਈ ਐਲਾਨ ਨਹੀ ਕੀਤਾ ਸੀ

- ਮਾਲਕ ਨਾ-ਵਾਪਸੀਯੋਗ ਦੇਰੀ ਨਾਲ ਦਾਇਰ ਕਰਨ ਦੇ ਜੁਰਮਾਨੇ ਦਾ ਭੁਗਤਾਨ ਕਰਨ ਤੋਂ ਬਾਅਦ, ਖਾਲੀ ਹੋਣ ਦੇ ਹਵਾਲਾ ਸਾਲ ਤੋਂ ਪੰਜ ਸਾਲਾਂ ਤੱਕ ਦੇਰੀ ਨਾਲ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਦਾਇਰ ਕਰ ਸਕਦੇ ਹਨ।

- ਐਲਾਨ ਦਾ ਸਮਰਥਨ ਕਰਨ ਲਈ ਦਸਤਾਵੇਜ਼ਾਂ ਦੀ ਲੋੜ ਹੋਵੇਗੀ ਅਤੇ ਸਵੀਕਿਰਤੀ ਪਰਦਾਨ ਕੀਤੇ ਗਏ ਸਬੂਤ ਦੀ ਵੈਧਤਾ ‘ਤੇ ਨਿਰਭਰ ਕਰੇਗੀ। ਤੁਸੀ ਐਲਾਨ ਕੀਤੇ ਜਾ ਰਹੇ ਟੈਕਸ ਸਾਲ ਲਈ ਪੂਰੇ ਰਿਕਾਰਡ ਪ੍ਰਦਾਨ ਕਰਕੇ ਦੇਰੀਆਂ ਤੋਂ ਬਚਣ ਵਿੱਚ ਮਦਦ ਕਰ ਸਕਦੇ ਹੋ।

- ਦੇਰੀ ਨਾਲ ਦਾਇਰ ਕਰਨ ਦੇ ਜੁਰਮਾਨੇ ਦਾ ਹਿਸਾਬ ਉਸ ਸਾਲ ਲਈ ਵੈਕੇਂਸੀ ਟੈਕਸ (Vacancy Tax) ਲੇਵੀ ਦੇ 5% ਵਜੋਂ ਲਗਾਇਆ ਜਾਂਦਾ ਹੈ।

## ਜੇਕਰ ਤੁਹਾਨੂੰ ਆਡਿਟ ਲਈ ਚੁਣਿਆ ਜਾਂਦਾ ਹੈ



- ਤੁਹਾਨੂੰ ਸਾਡੇ ਵੱਲੋਂ ਨਿਰਦੇਸ਼ਾਂ ਦੇ ਨਾਲ ਸੂਚਨਾ ਪਰਾਪਤ ਹੋਵੇਗੀ ਕਿ ਤੁਹਾਨੂੰ ਕਿਹੜੇ ਸਬੂਤ ਮੁਹੱਈਆ ਕਰਨ ਦੀ ਲੋੜ ਹੋਵੇਗੀ।
- ਆਡਿਟ ਪਰਕਿਰਿਆ ਦੇ ਸਮੇਂ ਵੱਖ-ਵੱਖ ਹੁੰਦੇ ਹਨ, ਅਤੇ ਗਾਇਬ ਜਾਂ ਗਲਤ ਸਬੂਤ ਕਰਕੇ ਪਰਕਿਰਿਆ ਵਿੱਚ ਦੇਰੀ ਹੋ ਸਕਦੀ ਹੈ। ਤੁਸੀ ਉਸ ਟੈਕਸ ਸਾਲ ਲਈ ਪੂਰੇ ਰਿਕਾਰਡ ਪਰਦਾਨ ਕਰਕੇ, ਜਿਸ ਲਈ ਆਡਿਟ ਲਾਗੂ ਹੁੰਦਾ ਹੈ, ਦੇਰੀ ਤੋਂ ਬਚਣ ਵਿੱਚ ਮਦਦ ਕਰ ਸਕਦੇ ਹੋ।
- ਐਲਾਨਾਂ ਦੀ ਵੈਧਤਾ ਨਿਰਧਾਰਤ ਕਰਨ ਅਤੇ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ, ਪਰਾਪਰਟੀ ਦੀ ਸਥਿਤੀ ਦੇ ਸਾਰੇ ਐਲਾਨ ਸੰਭਾਵੀ ਤੌਰ ‘ਤੇ ਆਡਿਟ ਦੇ ਅਧੀਨ ਹੁੰਦੇ ਹਨ।
- ਆਡਿਟਾਂ ਦੀ ਚੋਣ ਸੂਬਾਈ ਅਤੇ ਫੈਡਰਲ ਟੈਕਸ ਪਰੋਗਰਾਮਾਂ ਲਈ ਸਭ ਤੋਂ ਵਧੀਆ ਅਭਿਆਸਾਂ ਦੇ ਅਨੁਸਾਰ ਨਮੂਨਾ ਵਿਧੀਆਂ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ।

ਇਸ ਵੈੱਬਸਾਈਟ ‘ਤੇ ਵਧੇਰੇ ਜਾਣਕਾਰੀ ਲਵੋ: **vancouver.ca/eht** (ਸਿਰਫ਼ ਅੰਗਰੇਜ਼ੀ)।

## ਵਧੀਕ ਜਾਣਕਾਰੀ

(ਤੁਹਾਡੇ ਵੱਲੋਂ ਐਲਾਨ ਜਮਹ੍ਹਾਂ ਕਰਨ ਦੇ ਬਾਅਦ ਲੋੜੀਂਦੀ ਹੋ ਸਕਦੀ ਹੈ ਜਿਸ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ):

- ICBC ਵਾਹਨ ਬੀਮਾ ਅਤੇ ਰਜਿਸਟਰੇਸ਼ਨ
- ਸਰਕਾਰ ਦੁਆਰਾ ਜਾਰੀ ਨਿੱਜੀ ਪਛਾਣ ਦਾ ਸਬੂਤ, ਜਿਸ ਵਿੱਚ ਡਰਾਈਵਰ ਦਾ ਲਾਇਸੈਂਸ, BCID ਕਾਰਡ, ਬਿਰਟਿਸ਼ ਕੋਲੰਬੀਆ ਸਰਵਿਸਿਜ਼ ਕਾਰਡ (British Columbia Services Card) ਸ਼ਾਮਲ ਹਨ
- ਇਨਕਮ ਟੈਕਸ ਦੇ ਰਿਟਰਨ ਅਤੇ ਮੁਲਾਂਕਣ ਦੇ ਨੋਟਿਸ, ਕਿਰਾਏ ਤੋਂ ਆਮਦਨ ਦੀਆਂ ਅਨੁਸੂਚੀਆਂ ਸਮੇਤ
- ਰੁਜ਼ਗਾਰ ਦੇ ਇਕਰਾਰਨਾਮੇ, ਤਨਖਾਹ ਦੀਆਂ ਸਟੇਟਮੈਂਟਾਂ ਜਾਂ ਰੁਜ਼ਗਾਰ ਦੇ ਰਿਕਾਰਡ
- ਘਰ ਦੇ ਮਾਲਕ ਦੀ ਬੀਮਾ ਪਾਲਿਸੀ
- ਕਿਰਾਏਦਾਰੀ ਇਕਰਾਰਨਾਮਾ(ਇਕਰਾਰਨਾਮੇ)
- ਬੈਂਕ ਸਟੇਟਮੈਂਟਾਂ

## ਬੀਸੀ ਸਪੈਕੁਲੇਸ਼ਨ ਐਂਡ ਵੈਕੇਂਸੀ ਟੈਕਸ (BC Speculation and Vacancy Tax)

ਵੈਨਕੂਵਰ ਸਿਟੀ ਦਾ ਖਾਲੀ ਘਰਾਂ ‘ਤੇ ਟੈਕਸ, ਸੂਬਾਈ ਸਰਕਾਰ ਦੇ ਸਪੈਕੁਲੇਸ਼ਨ ਐਂਡ ਵੈਕੇਂਸੀ ਟੈਕਸ (Speculation and Vacancy Tax) ਤੋਂ ਵੱਖਰਾ ਹੈ।

ਸੂਬੇ ਦੇ ਟੈਕਸ ਬਾਰੇ ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ ‘ਤੇ ਜਾਓ: **gov.bc.ca/spectax**

## ਔਨਲਾਈਨ ਸਾਈਨ-ਅੱਪ ਕਰੋ

ਔਨਲਾਈਨ ਟੈਕਸ ਸੇਵਾਵਾਂ ਖਾਤੇ ਦੇ ਨਾਲ ਤੁਸੀ ਆਪਣਾ ਅਗਲਾ ਬਿੱਲ/ਨੋਟਿਸ ਈਮੇਲ ਦੁਆਰਾ ਪਰਾਪਤ ਕਰਨ ਦੀ ਚੋਣ ਕਰ ਸਕਦੇ ਹੋ, ਆਪਣੇ ਖਾਤੇ ਦੇ ਬਕਾਏ ਦੀ ਜਾਂਚ ਕਰ ਸਕਦੇ ਹੋ ਅਤੇ ਹੋਰ ਕਈ ਕੁਝ ਕਰ ਸਕਦੇ ਹੋ।

ਅੱਜ ਹੀ ਇਸ ਵੈੱਬਸਾਈਟ ‘ਤੇ ਨਾਮ ਦਰਜ ਕਰਾਓ: **vancouver.ca/property-services**

©2025 City of Vancouver | 25-279-03